ਪੰਜਾਬ ਸਰਕਾਰ
ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ
(ਸਿੱਖਿਆ ਸੈੱਲ)

ਸੇਵਾ ਵਿਖੇ,

ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਮੀਮੋ ਨੰ:6/14/18-2ਸਿੱ.ਸੈਲ/ਪੀ.ਐਫ/
ਮਿਤੀ, ਚੰਡੀਗੜ੍ਹ

ਵਿਸ਼ਾ:- **Demand for Punjabi as Compulsory subject in CBSE/ICSCE Schools.**

......

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਸ੍ਰੀ ਹਰੀ ਚੰਦ ਅਰੋੜਾ, ਐਡਵੋਕੇਟ ਤੋਂ ਈਮੇਲ ਰਾਹੀਂ ਲਿਖਿਆ ਗਿਆ ਹੈ ਕਿ CISCE ਜਾਂ CBSE ਨਾਲ ਐਫੀਲਿਏਟਡ ਸਕੂਲ ਆਪਣੇ ਵਿਦਿਆਰਥੀਆਂ ਨੂੰ ਪੰਜਾਬੀ ਵਿਸ਼ੇ ਦਾ ਪੇਪਰ ਪਾਸ ਕੀਤੇ ਬਿਨ੍ਹਾਂ ਹੀ ਮੈਟ੍ਰਿਕ ਦਾ ਸਰਟੀਫਿਕੇਟ ਜਾਰੀ ਕਰ ਰਹੇ ਹਨ। ਇਸ ਤਰ੍ਹਾਂ ਉਹਨਾਂ ਵਲੋਂ " Punjab Learning of Punjabi and Languages Act, 2008" ਦੀ ਸੈਕਸ਼ਨ 3 ਦੀ ਉਲੰਘਣਾ ਕੀਤੀ ਜਾ ਰਹੀ ਹੈ। ਉਹਨਾਂ ਵਲੋਂ ਲਿਖਿਆ ਗਿਆ ਹੈ ਕਿ ਇਹ ਉਕੱਤ ਐਕਟ ਦੀ ਸੈਕਸ਼ਨ 3(2) ਦੀ ਵੀ ਉਲੰਘਣਾ ਹੈ, ਜੋ ਹੇਠ ਲਿਖੇ ਅਨੁਸਾਰ ਹੈ:-

> " Section 3 : Teaching of Punjabi as compulsory subject: (1) Punjabi shall be taught as a compulsory subject in all schools from Ist Class to 10th class from the academic year 2009-2010.
> (2) No Board or Institution shall award matriculation certificate to any student, unless he has passed the 10th class examination in Punjabi subject.

2. ਉਹਨਾਂ ਵਲੋਂ ਇਹ ਵੀ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ICSCE ਜਾਂ CBSE ਨਾਲ ਐਫੀਲਿਏਟਡ ਕੁਝ ਸਕੂਲਾਂ ਵਲੋਂ ਪੰਜਾਬੀ ਨੂੰ ਆਪਸ਼ਨਲ ਵਿਸ਼ੇ ਵਜੋਂ ਪਾਸ ਕਰਨ ਤੇ ਹੀ ਮੈਟ੍ਰਿਕ ਸਰਟੀਫਿਕੇਟ ਜਾਰੀ ਕੀਤੇ ਜਾ ਰਹੇ ਹਨ ਅਤੇ ਵਿਦਿਆਰਥੀਆਂ ਵਲੋਂ ਪੰਜਾਬੀ ਵਿਸ਼ੇ ਵਿੱਚ ਪ੍ਰਾਪਤ ਕੀਤੇ ਅੰਕ ਕੁੱਲ ਅੰਕਾਂ ਵਿੱਚ ਵੀ ਨਹੀਂ ਜੋੜੇ ਜਾ ਰਹੇ, ਜੋ ਉਕੱਤ ਐਕਟ ਦੇ ਵਿਰੁੱਧ ਹੈ। ਅਜਿਹਾ ਕੀਤਾ ਜਾਣਾ ਉਕਤ ਐਕਟ ਅਧੀਨ ਘੋਰ ਅਪਰਾਧ ਹੈ ਐਕਟ ਦੀ ਧਾਰਾ 8 ਅਧੀਨ ਸਜ਼ਾ-ਯੋਗ ਹੈ।

3. ਰਾਜ ਦੇ ਸਮੂਹ ਸਰਕਾਰੀ ਸਕੂਲਾਂ ਦਾ ਪ੍ਰਬੰਧਕੀ ਕੰਟਰੋਲ ਆਪ ਜੀ ਦੇ ਵਿਭਾਗ ਅਧੀਨ ਹੈ। ਇਸ ਲਈ ਸ੍ਰੀ ਹਰੀ ਚੰਦ ਅਰੋੜਾ, ਐਡਵੋਕੇਟ ਵਲੋਂ ਪ੍ਰਾਪਤ ਪੱਤਰ ਮਿਤੀ 1/1/2019 ਦੀ ਕਾਪੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ICSCE ਜਾਂ CBSE ਨਾਲ ਐਫੀਲਿਏਟਡ ਕੁਝ ਸਕੂਲਾਂ ਵਲੋਂ " Punjab Learning of Punjabi and Languages Act, 2008" (ਕਾਪੀ ਨੱਥੀ) ਦੀ ਕਿਸੇ ਤਰ੍ਹਾਂ ਵੀ ਉਲੰਘਣਾ ਕੀਤੀ ਜਾ ਰਹੀ ਹੈ ਤਾਂ ਮਾਮਲੇ ਸਬੰਧੀ ਲੋੜੀਂਦੀ ਯੋਗ ਕਾਰਵਾਈ ਕਰਦੇ ਹੋਏ ਸਬੰਧਤਾਂ ਨੂੰ ਸਖਤ ਹਦਾਇਤਾਂ ਜਾਰੀ ਕਰਨ ਦੀ ਖੇਚਲ ਕੀਤੀ ਜਾਵੇ।

ਸੁਪਰਡੰਟ

ਪਿੱ:ਅੰ:ਨੰ:6/14/18-2ਸਿੱ.ਸੈਲ/ਪੀ.ਐਫ./ ਮਿਤੀ, ਚੰਡੀਗੜ੍ਹ

ਉਤਾਰਾ ਡਾਇਰੈਕਟਰ ਭਾਸ਼ਾ ਵਿਭਾਗ, ਪਟਿਆਲਾ ਪੰਜਾਬ ਨੂੰ ਮਾਮਲੇ ਸਬੰਧੀ ਲੋੜੀਂਦੀ ਯੋਗ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਪਿੱ:ਅੰ:ਨੰ:6/14/18-2ਸਿੱ.ਸੈਲ/ਪੀ.ਐਫ./1397339/1 ਮਿਤੀ, ਚੰਡੀਗੜ੍ਹ 17/01/19

ਉਤਾਰਾ ਸ੍ਰੀ ਹਰੀ ਚੰਦ ਅਰੋੜਾ, ਐਡਵੋਕੇਟ ਨੂੰ ਉਹਨਾਂ ਦੇ ਪੱਤਰ ਮਿਤੀ 1/1/2019 ਦੇ ਸਬੰਧ ਵਿੱਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

31-01-2019 18:16

ਸੁਪਰਡੰਟ